# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

ਪ੍ਰਿੰਸੀਪਲ / ਮੁੱਖ ਅਧਿਆਪਕ / ਇੰਚਾਰਜ

ਸਸਸਸ / ਸਹਸ , ਜਿਲ੍ਹਾ ਬਠਿੰਡਾ ।

ਪੱਤਰ ਨੰ: ਅ-5/1( )2022/ਤਿਮਾਹੀ ਰਿਪੋਰਟ/1182-84

ਮਿਤੀ ਬਠਿੰਡਾ- 07.10.2022

ਵਿਸ਼ਾ- **ਪੈਨਸ਼ਨ ਕੇਸਾਂ / ਪੈਨਸ਼ਨਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਮੁੱਕਦੀ ਤਿਮਾਹੀ ਮਿਤੀ 30.09.2022 ਤੱਕ ਦੀ ਰਿਪੋਰਟ ਭੇਜਣ ਸਬੰਧੀ ।**

ਹਵਾਲਾ - **ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਐਸ.ਐਸ ਨਗਰ ਦੇ ਮੀਮੋ ਨੰ 12/02-2017ਬ(3)2022265492-493 ਮਿਤੀ 06.10.2022 ਅਤੇ ਇਸ ਦਫਤਰ ਦੇ ਪੱਤਰ ਨੰ: ਅ-5/1( )2022/ਤਿਮਾਹੀ ਰਿਪੋਰਟ/ ਮਿਤੀ ਬਠਿੰਡਾ- 06.10.2022 ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਇਸ ਦਫਤਰ ਦੇ ਹਵਾਲਾ ਪੱਤਰ ਅਨੁਸਾਰ ਲਿਖਿਆ ਗਿਆ ਸੀ ਕਿ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ ਨੂੰ ਪੈਨਸ਼ਨ ਕੇਸਾਂ / ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਮੋਨੀਟਰ ਕਰਨ ਲਈ ਮੁੱਕਦੀ ਤਿਮਾਹੀ ਮਿਤੀ 30.09.2022 ਦੇ ਕੇਸਾਂ ਸਬੰਧੀ ਸੂਚਨਾ ਭੇਜੀ ਜਾਣੀ ਹੈ। ਇਸ ਲਈ ਮੁੱਕਦੀ ਤਿਮਾਹੀ ਮਿਤੀ 30.09.2022 ਤੱਕ ਦੇ ਪੈਨਸ਼ਨ ਕੇਸਾਂ ਸਬੰਧੀ ਸੂਚਨਾ ਕੇਵਲ GOOGLE SHEET ਵਿੱਚ ਮਿਤੀ 06.10.2022 ਸ਼ਾਮ 4 ਵਜੇ ਤੱਕ ਕੇਵਲ ਰਾਵੀ ਲਿਪੀ ਵਿੱਚ ਹੀ ਭੇਜੀ ਜਾਵੇ । ਪ੍ਰੰਤੂ ਬਹੁਤੇ ਸਕੂਲਾਂ ਵੱਲੋਂ ਅਜੇ ਤੱਕ ਵੀ ਇਹ ਸੂਚਨਾ ਇਸ ਦਫਤਰ ਨੂੰ ਨਹੀ ਭੇਜੀ ਗਈ ਹੈ । ਆਪ ਨੂੰ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਅੱਜ ਮਿਤੀ 07.10.2022 ਸਮਾਂ 03:00 ਦੁਪਹਿਰ ਤੱਕ ਇਹ ਸੂਚਨਾ GOOGLE SHEET ਵਿੱਚ ਨੱਥੀ ਹਦਾਇਤਾਂ ਅਨੁਸਾਰ ਭਰੀ ਜਾਵੇ । ਦੁਪਹਿਰ 03:00 ਵਜੇ ਤੋਂ ਬਾਅਦ ਸਾਰਾ ਡਾਟਾ ਲਾਕ ਕਰਕੇ **Google sheet Link Disable** ਕਰ ਦਿੱਤਾ ਜਾਵੇਗਾ । ਪ੍ਰਾਪਤ ਸੂਚਨਾ ਮੁੱਖ ਦਫਤਰ ਨੂੰ ਭੇਜ ਦਿੱਤੀ ਜਾਵੇਗੀ । ਜੇਕਰ ਕਿਸ ਸਕੂਲ ਦੀ ਸੂਚਨਾ ਭਰਨ ਤੋਂ ਰਿਹ ਜਾਂਦੀ ਹੈ ਤਾਂ ਵਿਭਾਗ ਵੱਲੋਂ ਦੇਰੀ/ਅਣਗਹਿਲੀ ਕਾਰਨ ਕੀਤੀ ਜਾਣ ਵਾਲੀ ਕਾਰਵਾਈ ਲਈ ਸਬੰਧਤ ਸਕੂਲ ਮੁੱਖੀ, ਡੀ.ਡੀ.ਓ /ਕਲਰਕ ਦੀ ਨਿਰੋਲ ਜ਼ਿੰਮੇਵਾਰ ਹੋਣਗੇ ।

7/X/22

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

ਪਿੱਠ ਅੰਕਣ ਨੰ: ਅ-5/1( )2022/ਤਿਮਾਹੀ ਰਿਪੋਰਟ/ ਮਿਤੀ 07.10.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ –

1. **ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਐਸ.ਏ.ਐਸ ਨਗਰ ।**
2. ਮਾਨਯੋਗ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਭਲਾਈ ਵਿਭਾਗ, ਸੈਕਟਰ-33 ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

7/X/22

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ